Punjabi | ਪੰਜਾਬੀ

# My Career Insights
## ਤੁਹਾਡੇ ਬੱਚੇ ਲਈ ਖਾਸ ਤੌਰ ‘ਤੇ ਤਿਆਰ ਕਰੀਅਰ ਮਾਰਗਦਰਸ਼ਨ

## ਹਿੱਸਾ ਲੈਣ ਲਈ ਸਹਿਮਤੀ

ਸਰਕਾਰੀ ਸਪੈਸ਼ਲਿਸਟ ਸਕੂਲਾਂ ਅਤੇ ਵਿਕਲਪਕ ਸੈਟਿੰਗਾਂ ਵਿੱਚ ਸਾਰੇ 15+ ਵਿਦਿਆਰਥੀਆਂ ਦੁਆਰਾ My Career Insights ਪ੍ਰੋਗਰਾਮ ਤੱਕ ਪਹੁੰਚ ਪ੍ਰਾਪਤ ਕਰਨ ਲਈ ਸਿੱਖਿਆ ਵਿਭਾਗ ਨੇ Australian Centre for Career Education (ACCE - ਆਸਟ੍ਰੇਲੀਅਨ ਸੈਂਟਰ ਫਾਰ ਕੈਰੀਅਰ ਐਜੂਕੇਸ਼ਨ) ਦੇ ਨਾਲ ਸਮਝੌਤਾ ਕੀਤਾ ਹੈ।

### My Career Insights ਦੁਆਰਾ ਹੇਠ ਲਿਖੇ ਤਰੀਕਿਆਂ ਨਾਲ ਤੁਹਾਡੇ ਬੱਚੇ ਦੀ ਮਦਦ ਕੀਤੀ ਜਾਵੇਗੀ:

- ਇਹ ਸਮਝਣ ਵਿੱਚ ਕਿ ਉਹ ਆਪਣੇ ਕਰੀਅਰ ਵਿੱਚ ਕਿਹੜੇ ਹੁਨਰ ਅਤੇ ਯੋਗਤਾਵਾਂ ਨੂੰ ਸ਼ਾਮਲ ਕਰ ਸਕਦੇ ਹਨ।
- ਇਹ ਪਤਾ ਲਗਾਉਣ ਵਿੱਚ ਕਿ ਕਿਹੜੀਆਂ ਨੌਕਰੀਆਂ ਉਹਨਾਂ ਦੀਆਂ ਯੋਗਤਾਵਾਂ, ਦਿਲਚਸਪੀਆਂ ਅਤੇ ਸ਼ਖ਼ਸੀਅਤ ਨਾਲ ਮਿਲਦੀਆਂ ਹਨ, ਅਤੇ ਉਹਨਾਂ ਨੌਕਰੀਆਂ ਲਈ ਉਹਨਾਂ ਨੂੰ ਕਿਹੜੇ ਵਿਸ਼ਿਆਂ ਦੀ ਲੋੜ ਹੋਵੇਗੀ।

### My Career Insights ਪ੍ਰੋਗਰਾਮ ਦੇ ਹਿੱਸੇ ਵਜੋਂ, ਤੁਹਾਡਾ ਬੱਚਾ ਹੇਠ ਦੱਸਿਆ ਚੀਜ਼ਾਂ ਕਰੇਗਾ:

- ਸਕੂਲ ਵਿੱਚ Morrisby ਵੈੱਬਸਾਈਟ 'ਤੇ ਜਾਕੇ ਔਨਲਾਈਨ ਸਵਾਲਾਂ ਅਤੇ ਕਵਿਜ਼ਾਂ ਨੂੰ ਪੂਰਾ ਕਰਨਾ (ਜੇਕਰ ਇਹ ਸਕੂਲ ਵਿੱਚ ਪੂਰਾ ਨਹੀਂ ਕੀਤਾ ਜਾ ਸਕਦਾ ਹੈ ਤਾਂ ਘਰ ਵਿੱਚ ਜਾਕੇ ਇਸਨੂੰ ਪੂਰਾ ਕਰਨਾ)।
- ਸਵਾਲਾਂ ਅਤੇ ਕਵਿਜ਼ਾਂ ਦੇ ਨਤੀਜਿਆਂ ਨੂੰ ਦਰਸਾਉਂਦੀ Morrisby ਪ੍ਰੋਫਾਈਲ ਰਿਪੋਰਟ ਪ੍ਰਾਪਤ ਕਰਨਾ ਜਿਸ ਰਾਹੀਂ ਉਹਨਾਂ ਦੀਆਂ ਵਿਅਕਤੀਗਤ ਤਾਕਤਾਂ ਅਤੇ ਰੁਚੀਆਂ ਦਾ ਸਾਰ ਅਤੇ ਸੰਬੰਧਿਤ ਕੈਰੀਅਰ ਮਾਰਗਾਂ ਅਤੇ ਅਧਿਐਨ ਦੇ ਵਿਕਲਪਾਂ ਬਾਰੇ ਸੁਝਾਅ ਮਿਲਦਾ ਹੈ।
- ਰਿਪੋਰਟ ਨੂੰ ਸਮਝਣ ਲਈ Morrisby ਸਿਖਿਅਤ ਪੇਸ਼ੇਵਰ ਕਰੀਅਰ ਪ੍ਰੈਕਟੀਸ਼ਨਰ ਨਾਲ 30 ਮਿੰਟ ਦੀ ਮੀਟਿੰਗ ਵਿਚ ਸ਼ਾਮਲ ਹੋਣਾ। ਤੁਸੀਂ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋ ਸਕਦੇ ਹੋ। ਜੇਕਰ ਤੁਹਾਨੂੰ ਟੈਲੀਫੋਨ ਦੁਭਾਸ਼ੀਏ ਸੇਵਾ ਦੀ ਲੋੜ ਹੈ ਤਾਂ ਕਿਰਪਾ ਕਰਕੇ ਸਕੂਲ ਨੂੰ ਇਸ ਬਾਰੇ ਦੱਸੋ।

ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ:
**vic.gov.au/my-career-insights**

## ਮਹੱਤਵਪੂਰਨ ਗੋਪਨੀਯਤਾ ਜਾਣਕਾਰੀ:

ACCE (ਜਾਂ ਉਹਨਾਂ ਦੇ ਕੰਸੋਰਟੀਆ ਪਾਰਟਨਰ, Career Analysts Pty Ltd) ਦੁਆਰਾ ਇਕੱਠੀ ਕੀਤੀ ਗਈ ਵਿਦਿਆਰਥੀ ਜਾਣਕਾਰੀ ਦਾ ਪ੍ਰਬੰਧਨ ਗੋਪਨੀਯਤਾ ਅਤੇ ਡੇਟਾ ਸੁਰੱਖਿਆ ਐਕਟ 2014 (Vic), ਹੈਲਥ ਰਿਕਾਰਡਜ਼ ਐਕਟ 2001 (Vic), ਪਬਲਿਕ ਰਿਕਾਰਡ ਐਕਟ 1973 (Vic), ਆਸਟ੍ਰੇਲੀਅਨ ਪ੍ਰਾਈਵੇਸੀ ਐਕਟ ਅਤੇ ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ (ਰੈਗੂਲੇਸ਼ਨ (EU) 2016/679) ਦੇ ਅਨੁਸਾਰ ਕੀਤਾ ਜਾਵੇਗਾ।

ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿ ਸਿੱਖਿਆ ਵਿਭਾਗ ਦੁਆਰਾ ਪਹੁੰਚ, ਸੁਧਾਰ ਅਤੇ ਸ਼ਿਕਾਇਤਾਂ ਸਮੇਤ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਤਰ ਕੀਤਾ ਜਾਂਦਾ ਹੈ ਅਤੇ ਸੰਭਾਲਿਆ ਜਾਂਦਾ ਹੈ, ਇੱਥੇ ਜਾਓ: ਸਕੂਲ ਦੀ ਗੋਪਨੀਯਤਾ ਨੀਤੀ **education.vic.gov.au**

ACCE ਦੁਆਰਾ ਤੁਹਾਡੇ ਬੱਚੇ ਦੇ ਡੇਟਾ ਨੂੰ ਭੌਤਿਕ ਡਿਵਾਈਸਾਂ ਜਾਂ ਕਲਾਉਡ ਸੇਵਾਵਾਂ ਵਿੱਚ ਸਟੋਰ ਕੀਤਾ ਜਾਂਦਾ ਹੈ। ਇਹ ਆਸਟ੍ਰੇਲੀਆ ਦੱਖਣ-ਪੂਰਬੀ ਖੇਤਰ ਜਾਂ ਯੂਰਪੀਅਨ ਆਰਥਿਕ ਖੇਤਰ ਦੇ ਅੰਦਰ ਸਥਿਤ ਹਨ।

ਵਿਭਾਗੀ ਸਟਾਫ਼ ਨੂੰ ਖੋਜ ਅਤੇ ਯੋਜਨਾ ਦੇ ਉਦੇਸ਼ਾਂ ਵਾਸਤੇ ਪਛਾਣ ਰਹਿਤ ਜਾਣਕਾਰੀ ਉਪਲਬਧ ਕਰਵਾਈ ਜਾਵੇਗੀ।

ਵਿਦਿਆਰਥੀ ਆਪਣੇ ਲੌਗਇਨ ਵੇਰਵਿਆਂ ਦੀ ਵਰਤੋਂ ਕਰਕੇ Morrisby ਪ੍ਰੋਫਾਈਲ ਵੈੱਬਸਾਈਟ (**https://app.morrisby.com/**) ਰਾਹੀਂ ਆਪਣੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹਨ। ਵਿਦਿਆਰਥੀਆਂ ਕੋਲ ਆਪਣੀ ਨਿੱਜੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ, ਜਾਂ ਇਸ ਵਿੱਚ ਸੁਧਾਰ ਕਰਨ ਦਾ ਅਧਿਕਾਰ ਹੈ। ਵਿਦਿਆਰਥੀ ਆਪਣੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਲਈ ਅਤੇ ਇਸ ਵਿੱਚ ਸੁਧਾਰ ਲਈ **support@ceav.vic.edu.au** 'ਤੇ ਸੰਪਰਕ ਕਰਕੇ ਬੇਨਤੀ ਕਰ ਸਕਦੇ ਹਨ।

THE EDUCATION STATE | VICTORIA State Government | Department of Education | Australian Centre for Career Education | Morrisby

## ਮਾਤਾ-ਪਿਤਾ ਜਾਂ ਸਰਪ੍ਰਸਤ ਦੁਆਰਾ ਪੂਰਾ ਕੀਤੇ ਜਾਣ ਦੀ ਲੋੜ

| | |
|---|---|
| **ਮੈਂ ਆਪਣੀ ਸਹਿਮਤੀ ਦਿੰਦਾ/ਦਿੰਦੀ ਹਾਂ ਕਿ:** (ਬੱਚੇ ਦਾ ਨਾਮ) | |
| Morrisby ਪ੍ਰੋਫਾਈਲ ਅਤੇ ਫਾਲੋ-ਅੱਪ ਮੀਟਿੰਗ ਨੂੰ ਪੂਰਾ ਕਰੇ। ਹਸਤਾਖਰ ਕਰਕੇ, ਤੁਹਾਡੇ ਦੁਆਰਾ ਇਸ ਸਹਿਮਤੀ ਫਾਰਮ ਨੂੰ ਪੜ੍ਹਣ ਦੀ ਅਤੇ ਆਪਣੇ ਬੱਚੇ ਦੀ ਨਿੱਜੀ ਅਤੇ ਸਿਹਤ ਜਾਣਕਾਰੀ ਇਕੱਠੀ ਕਰਨ ਦੀ ਸਹਿਮਤੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿੱਚ ਤੁਹਾਡੇ ਬੱਚੇ ਦੀ ਪ੍ਰੋਫਾਈਲ ਨੂੰ ਪੂਰਾ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰਨ ਵਾਲੀ ਤੁਹਾਡੇ ਬੱਚੇ ਦੀ ਅਪਾਹਜਤਾ ਸਥਿਤੀ ਜਾਂ ਹੋਰ ਕਾਰਕਾਂ ਨਾਲ ਸਬੰਧਤ ਜਾਣਕਾਰੀ ਸ਼ਾਮਲ ਹੋ ਸਕਦੀ ਹੈ। | |
| **ਮਾਤਾ-ਪਿਤਾ/ਸਰਪ੍ਰਸਤ ਦਾ ਪੂਰਾ ਨਾਮ:** | |
| **ਮਾਤਾ-ਪਿਤਾ/ਸਰਪ੍ਰਸਤ ਦੇ ਹਸਤਾਖ਼ਰ:** | **ਮਿਤੀ** / / |
| **ਵਿਦਿਆਰਥੀ ਦੀ ਕਲਾਸ (ਜੇਕਰ ਪਤਾ ਹੋਵੇ):** | |

Morrisby ਬਾਰੇ ਹੋਰ ਜਾਣਕਾਰੀ ਲਈ: **morrisby.com/morrisby-profile** ਤੇ ਜਾਓ